# ਡਰੱਗ ਬਾਰੇ ਜਾਣਕਾਰੀ

## ਟੈਨੋਫ਼ੋਵੀਰ (ਵੀਰੀਡ)

### ਮੈਨੂੰ ਟੈਨੋਫ਼ੋਵੀਰ (Tenofovir) ਦਵਾਈ ਦੇ ਤੌਰ ਤੇ ਕਿਉਂ ਦਿੱਤੀ ਜਾਂਦੀ ਹੈ?

- ਟੈਨੋਫ਼ੋਵੀਰ (Tenofovir) (ਜਿਸ ਨੂੰ ਵੀਰੀਡ ਕਿਹਾ ਜਾਂਦਾ ਹੈ) ਇੱਕ ਅਜਿਹੀ ਦਵਾਈ ਹੁੰਦੀ ਹੈ ਜਿਸ ਨੂੰ HIV (ਹਿਊਮਨ ਇੰਮਿਊਨੁਡੈਫ਼ੀਸ਼ੈਂਸੀ ਵਾਇਰਸ) ਦੀ ਲਾਗ ਦੇ ਇਲਾਜ ਲਈ ਦੂਜੀਆਂ ਦਵਾਈਆਂ ਨਾਲ ਮਿਲਾ ਕੇ ਵਰਤਿਆ ਜਾਂਦਾ ਹੈ।
- ਟੈਨੋਫ਼ੋਵੀਰ (Tenofovir) "ਰਿਵੱਰਸ ਟ੍ਰਾਂਸਕ੍ਰਿਪਟੇਜ਼" ਨਾਂ ਦੇ ਪ੍ਰੋਟੀਨ ਨੂੰ ਰੋਕ ਪਾਉਂਦੀ ਹੈ। ਨਤੀਜੇ ਵੱਜੋਂ, ਇਹ ਰਿਵੱਰਸ ਟ੍ਰਾਂਸਕ੍ਰਿਪਟੇਜ ਇੰਨਹਿੱਬਟਰਜ਼ (RTI) ਸ਼੍ਰੇਣੀ ਵਿੱਚ ਆਉਂਦੀ ਹੈ। ਏਚ ਆਈ ਵੀ (HIV) ਦੇ ਵਾਇਰਸ ਨੂੰ ਵਧਣ-ਫੂਲਣ ਲਈ ਇਸ ਪ੍ਰੋਟੀਨ ਦੀ ਲੋੜ ਹੁੰਦੀ ਹੈ ਸੋ, ਇਸ ਉੱਤੇ ਰੋਕ ਪਾ ਕੇ ਦਵਾਈ ਏਚ ਆਈ ਵੀ (HIV) ਦੇ ਵਾਧੇ ਨੂੰ ਮੱਧਮ ਪਾ ਦਿੰਦੀ ਹੈ।
- ਇਹ ਦਵਾਈ ਲੈਣ ਨਾਲ ਤੁਹਾਡੇ ਸਰੀਰ ਅੰਦਰ ਵਾਇਰਸ ਦੀ ਮਾਤਰਾ ਘਟਾਈ ਜਾ ਸਕਦੀ ਹੈ। ਇਹ ਏਡਜ਼ ਨਾਲ ਸੰਬੰਧਤ ਬਿਮਾਰੀਆਂ ਤੋਂ ਬਿਮਾਰ ਹੋਣ ਦੇ ਮੌਕੇ ਘਟਾਅ ਦਿੰਦੀ ਹੈ, ਤੁਹਾਨੂੰ ਲੰਮੇਂ ਸਮੇਂ ਲਈ ਤੰਦਰੁਸਤ ਰੱਖਣ ਵਿੱਚ ਜਾਂ ਆਪਣੀ ਸੇਹਤ ਬਹਾਲ ਕਰਨ ਵਿੱਚ ਮਦਦ ਕਰਦੀ ਹੈ। ਤੁਹਾਡੇ ਅੰਦਰ ਬਿਮਾਰੀ ਤੋਂ ਬਚਾਅ ਕਰਨ ਦੇ ਸਿਸਟਮ ਨੂੰ ਨੁਕਸਾਨ ਹੋਣ ਤੋਂ ਬਚਾਉਂਦੀ ਹੈ।

### ਇਹ ਦਵਾਈ ਮੈਨੂੰ ਕਿਵੇਂ ਲੈਣੀ ਚਾਹੀਦੀ ਹੈ?

- ਟੈਨੋਫ਼ੋਵੀਰ (Tenofovir) 300 mg ਦੀਆਂ ਗੋਲ਼ੀਆਂ ਵਿੱਚ ਮਿਲਦੀ ਹੈ।
- ਆਮ ਤੌਰ ਤੇ ਟੈਨੋਫ਼ੋਵੀਰ (Tenofovir) 300 mg ਭੋਜਨ ਨਾਲ ਦਿਨ ਵਿੱਚ ਇੱਕ ਵਾਰੀ ਲਈ ਜਾਂਦੀ ਹੈ।
- ਟੈਨੋਫ਼ੋਵੀਰ (Tenofovir)ਨੂੰ ਕਮਰੇ ਦੇ ਤਾਪਮਾਨ ਵਿੱਚ ਅਤੇ ਖੁਸ਼ਕ ਜਗ੍ਹਾ ਸਾਂਭ ਕੇ ਰੱਖਣਾ ਚਾਹੀਦਾ ਹੈ। ਇਸ ਦਵਾਈ ਨੂੰ ਵਾਸ਼ਰੂਮ ਜਾਂ ਕਿਚਨ ਵਿੱਚ ਨਾ ਰੱਖੋ ਕਿਉਂਕਿ ਨਮੀ ਇਸ ਦਵਾਈ ਦੀ ਅਸਰਦਾਇਕਤਾ ਨੂੰ ਘੱਟ ਕਰ ਸਕਦੀ ਹੈ।
- ਇਸ ਨੂੰ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।

### ਜੇ ਮੈਂ (ਦਵਾਈ ਦੀ) ਖ਼ੁਰਾਕ ਲੈਣੀ ਭੁੱਲ ਜਾਵਾਂ ਤਾਂ ਕੀ ਹੁੰਦਾ ਹੈ?

- ਖੁੰਝ ਗਈ (ਦਵਾਈ ਦੀ) ਖ਼ੁਰਾਕ ਨੂੰ ਜਿੰਨੀ ਛੇਤੀ ਹੋ ਸਕੇ ਲੈ ਲਓ। ਜੇ ਤੁਹਾਡੀ (ਦਵਾਈ ਦੀ) ਅਗਲੀ ਖ਼ੁਰਾਕ ਲੈਣ ਨੂੰ ਦੋ ਘੰਟੇ ਰਹਿੰਦੇ ਹੋਣ ਤਾਂ ਬਾਕਾਇਦਾ ਨੇਮ ਜਾਰੀ ਰੱਖੋ, (ਦਵਾਈ ਦੀ) ਦੁਗਣੀ ਖ਼ੁਰਾਕ ਨਾ ਲਓ।
- ਹੁਣੇ ਹੁਣੇ ਹੋਏ ਅਧਿਐਨਾਂ ਤੋਂ ਪਤਾ ਲੱਗਾ ਹੈ ਕਿ HIV ਵਿਰੁੱਧ ਦਵਾਈਆਂ ਤਾਂ ਹੀ ਕੰਮ ਕਰਦੀਆਂ ਹਨ ਜੇ ਦਵਾਈਆਂ ਨੂੰ ਬਾਕਾਇਦਗੀ ਅਤੇ ਇੱਕਸਾਰਤਾ ਨਾਲ ਲਿਆ ਜਾਂਦਾ ਹੈ। (ਦਵਾਈ ਦੀ) ਖ਼ੁਰਾਕ ਲੈਣੀ ਖੁੰਝਣ ਜਾਂ ਭੁੱਲ ਜਾਣ ਨਾਲ ਦਵਾਈ ਆਪਣੀ ਅਸਰਦਾਇਕਤਾ ਗਵਾ ਲੈਂਦੀ ਹੈ ਕਿਉਂਕਿ ਵਾਇਰਸ ਆਪਣੇ ਆਪ ਬਦਲ ਸਕਦਾ ਹੈ ਅਤੇ ਦਵਾਈ ਨੂੰ ਬੇਅਸਰ ਕਰ ਦਿੰਦਾ ਹੈ।

### ਟੈਨੋਫ਼ੋਵੀਰ (Tenofovir) ਦੇ ਮੰਦੇ ਅਸਰ ਕੀ ਹੁੰਦੇ ਹਨ?

- ਟੈਨੋਫ਼ੋਵੀਰ (Tenofovir) ਦੇ ਆਮ ਪਤਾ ਲੱਗੇ ਮੰਦੇ ਅਸਰ ਅਕਸਰ ਹਲਕੇ ਹੁੰਦੇ ਹਨ ਅਤੇ ਇਨ੍ਹਾਂ ਵਿੱਚ ਸਿਰ ਦਰਦ,ਦੱਸਤ, ਕਚਿਆਣ,ਉਲਟੀਆਂ ਆਉਣੀਆਂ ਅਤੇ ਫ਼ਲੈਚੂਲੈਂਸ (ਆਂਦਰਾਂ ਵਿੱਚ ਗੈਸ) ਸ਼ਾਮਲ ਹੋ ਸਕਦੇ ਹਨ। ਬਹੁਤ ਘੱਟ ਸੂਰਤਾਂ ਵਿੱਚ, ਟੈਨੋਫ਼ੋਵੀਰ (Tenofovir) ਕਾਰਨ ਤੁਹਾਡੇ ਜਿਗਰ ਅਤੇ ਪੱਠਿਆਂ ਦੀ ਹਾਲਤ ਬਾਰੇ ਖ਼ੂਨ ਦੇ ਟੈਂਸਟਾਂ ਤਬਦੀਲੀ ਦਿਸ ਸਕਦੀ ਹੈ। ਇਨ੍ਹਾਂ ਮੰਦੇ ਅਸਰਾਂ ਉੱਤੇ ਨਿਗਾਹ ਰੱਖਣ ਲਈ ਖ਼ੂਨ ਦੇ ਟੈਂਸਟ ਬਾਕਾਇਦਗੀ ਨਾਲ ਕੀਤੇ ਜਾਣੇ ਚਾਹੀਦੇ ਹਨ।
- ਇਸ ਸਮੇਂ ਟੈਨੋਫ਼ੋਵੀਰ (Tenofovir) ਦੇ ਲੰਮੇਂ ਸਮੈ ਲਈ ਮੰਦੇ ਅਸਰਾਂ ਬਾਰੇ ਜਾਣਕਾਰੀ ਉਪਲਬਧ ਨਹੀਂ ਹੈ।
- ਜੇ ਤਹਾਨੂੰ ਇਸ ਦਵਾਈ ਦੇ ਮੰਦੇ ਅਸਰਾਂ ਦਾ ਪਤਾ ਲੱਗਦਾ ਹੈ ਤਾਂ ਆਪਣੇ ਡਾਕਟਰ ਜਾਂ ਦਵਾਈ ਫ਼ਰੋਸ਼ ਨੂੰ ਕਾਲ ਕਰੋ ਅਤੇ ਉਸ ਨਾਲ ਇਨ੍ਹਾਂ ਅਲਾਮਤਾਂ ਬਾਰੇ ਵਿਚਾਰ ਵਟਾਂਦਰਾ ਕਰੋ।
- ਡਾਕਟਰ ਜਾਂ ਦਵਾਈ ਫ਼ਰੋਸ਼ ਨਾਲ ਗਲਬਾਤ ਕਰਨ ਤੋਂ ਪਹਿਲਾਂ ਦਵਾਈ ਲੈਣੀ ਬੰਦ ਨਾ ਕਰੋ। ਉਨ੍ਹਾਂ ਕੋਲ ਸੁਝਾਅ ਹੋ ਸਕਦੇ ਹਨ ਜਿੰਨ੍ਹਾਂ ਰਾਹੀਂ ਦਵਾਈ ਲੈਣੀ ਬੰਦ ਕੀਤੇ ਬਿਨਾ ਹੀ ਮੰਦੇ ਅਸਰਾਂ ਨੂੰ ਰੋਕਿਆ ਜਾ ਸਕਦਾ ਹੋਵੇ।



ASAAP
ALLIANCE FOR SOUTH ASIAN AIDS PREVENTION
www.asaap.ca

CATIE
Canadian AIDS Treatment Information Exchange
Réseau canadien d'info-traitements sida
www.catie.ca

### ਕੀ ਮੈਂ ਟੈਨੋਫ਼ੋਵੀਰ (Tenofovir) ਨੂੰ ਦੂਜੀਆਂ ਦਵਾਈਆਂ ਦੇ ਨਾਲ ਲੈ ਸਕਦਾ ਹਾਂ?

- ਦੂਜੀਆਂ ਦਵਾਈਆਂ ਨਾਲ ਮਿਲ ਕੇ ਵੀਰੀਡ ਦਾ ਅਸਰ ਮਾੜਾ ਹੋ ਸਕਦਾ ਹੈ। ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਡਾਕਟਰ ਅਤੇ ਦਵਾਈ ਫ਼ਰੋਸ਼ ਨੂੰ ਦੱਸੋ ਕਿ ਤੁਸੀਂ ਕਿਹੜੀਆਂ ਦਵਾਈਆਂ ਨੁਸਖ਼ੇ ਨਾਲ ਅਤੇ ਕਿਹੜੀਆਂ ਬਿਨਾ ਨੁਸਖ਼ੇ (ਸਮੇਤ ਵਿਟਾਮਿਨ ਅਤੇ ਜੜੀਆਂ-ਬੂਟੀਆਂ ਦੇ) ਤੋਂ ਲੈ ਰਹੇ ਹੋ।
- ਦਵਾਈਆਂ ਜਿਹੜੀਆਂ ਵੀਰੀਡ ਨਾਲ ਨਾਲ ਮਿਲ ਕੇ ਮਾੜਾ ਅਸਰ ਕਰਦੀਆਂ ਹਨ ਉਨ੍ਹਾਂ ਵਿੱਚ ddI (ਵੀਡੈੱਕਸ ਜਾਂ ਵੀਡੈੱਕਸ-ਈ ਸੀ), ਸਾਮਲ ਹਨ। ਜੇ ਤੁਸੀਂ ਦੋਵੇਂ ਦਵਾਈਆਂ ਇਕੱਠੀਆਂ ਲੈ ਰਹੇ ਹੋਵੋ ਤਾਂ ddI ਦੀ (ਦਵਾਈ ਦੀ) ਖ਼ੁਰਾਕ ਨੂੰ ਘੱਟ-ਵੱਧ ਕਰਨ ਦੀ ਲੋੜ ਪੈ ਸਕਦੀ ਹੈ।

### ਕੀ ਮੈਂ ਟੈਨੋਫ਼ੋਵੀਰ (Tenofovir) ਨੂੰ ਸ਼ਰਾਬ ਜਾਂ ਬਜ਼ਾਰੂ ਡਰੱਗਾਂ ਦੇ ਨਾਲ ਲੈ ਸਕਦਾ ਹਾਂ?

- ਆਮ ਤੌਰ ਤੇ, ਜਦੋਂ ਤੁਸੀਂ ਏਚ ਆਈ ਵੀ (HIV) ਲਈ ਦਵਾਈ ਲੈਂਦੇ ਹੋਵੋ ਤਾਂ ਚੰਗਾ ਇਹ ਹੈ ਕਿ ਤੁਸੀਂ ਸ਼ਰਾਬ ਅਤੇ ਬਜ਼ਾਰੂ ਡਰੱਗਾਂ ਦੀ ਬਹੁਤੀ ਵਰਤੋਂ ਤੋਂ ਪਰਹੇਜ਼ ਕਰੋ। ਸ਼ਰਾਬ ਤੁਹਾਡੇ ਵੱਲੋਂ ਲਈਆਂ ਜਾ ਰਹੀਆਂ ਦਵਾਈਆਂ ਨਾਲ ਮਿਲ ਕੇ ਮੰਦਾ ਅਸਰ ਕਰਦੀ ਹੈ। ਇਸ ਕਾਰਨ ਦਵਾਈ ਦੀ (ਦਵਾਈ ਦੀ) ਖ਼ੁਰਾਕ ਲੈਣੀ ਨਾ ਖੁੰਜ ਕਿਉਂਕਿ ਤੁਸੀਂ ਸ਼ਰਾਬ ਪੀਣੀ ਚਾਹੁੰਦੇ ਹੋ।

### ਗਰਭਵਤੀ ਹੋਣ ਜਾਂ ਛਾਤੀ ਦਾ ਦੁੱਧ ਚੁੰਘਾਉਣ ਦੀ ਸਥਿਤੀ ਵਿੱਚ ਕੀ ਮੈਂ ਟੈਨੋਫ਼ੋਵੀਰ (Tenofovir) ਲੈ ਸਕਦੀ ਹਾਂ?

- ਇਸ ਸਮੇਂ ਗਰਭ ਅਵਸਥਾ, ਛਾਤੀ ਦਾ ਦੁੱਧ ਚੁੰਘਾਉਣ ਦੌਰਾਨ ਅਤੇ ਬੱਚਿਆਂ ਵਿੱਚ ਟੈਨੋਫ਼ੋਵੀਰ (Tenofovir) ਦੀ ਵਰਤੋਂ ਕਰਨ ਬਾਰੇ ਸੁਰੱਖਿਆ ਸੰਬੰਧੀ ਕੋਈ ਜਾਣਕਾਰੀ ਉਪਲਬਧ ਨਹੀਂ ਹੈ, ਕਿਰਪਾ ਕਰ ਕੇ, ਦਵਾਈ ਲੈਣ ਬਾਰੇ ਆਪਣੇ ਡਾਕਟਰ ਨਾਲ ਮਸ਼ਵਰਾ ਕਰੋ।
- ਕਿਉਂਕਿ ਏਚ ਆਈ ਵੀ (HIV) ਦੀ ਬਿਮਾਰੀ ਛਾਤੀ ਦੇ ਦੁਧ ਰਾਹੀਂ ਵੀ ਲੱਗ ਸਕਦੀ ਹੈ, ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ HIV (ਏਚ ਆਈ ਵੀ) ਦੀਆਂ ਯਕੀਨੀ ਬਿਮਾਰ ਔਰਤਾਂ ਛਾਤੀ ਦਾ ਦੁੱਧ ਨਾ ਚੁੰਘਾਉਣ।

### ਟੈਨੋਫ਼ੋਵੀਰ (Tenofovir) ਲੈਣ ਲਗਿਆਂ ਕਿਹੜੀਆਂ ਹੋਰ ਗੱਲਾਂ ਬਾਰੇ ਮੈਨੂੰ ਸਾਵਧਾਨੀ ਵਰਤਣੀ ਚਾਹੀਦੀ ਹੈ?

- ਖ਼ੂਨ ਦਾ ਮੁਆਇਨਾ ਕਰਵਾਉਣ ਲਈ ਡਾਕਟਰ ਕੋਲ ਬਾਕਾਇਦਾ ਜਾਂਦੇ ਰਹੋ, ਕਿਉਂਕਿ ਟੈਨੋਫ਼ੋਵੀਰ (Tenofovir) ਤੁਹਾਡੇ ਗੁਰਦੇ ਵੱਲੋਂ ਪਚਾਇਆ (ਹਜ਼ਮ ਕੀਤਾ ਜਾਂਦਾ) ਜਾਂਦਾ ਹੈ ਇਸ ਲਈ ਗੁਰਦੇ ਦੀ ਹਾਲਤ ਦੇ ਟੈੱਸਟ ਬਾਕਾਇਦਗੀ ਨਾਲ ਕੀਤੇ ਜਾਣੇ ਚਾਹੀਦੇ ਹਨ।
- ਯਕੀਨੀ ਬਣਾਓ ਕਿ ਤੁਹਾਨੂੰ ਦਵਾਈ ਲਗਾਤਾਰ ਮਿਲਦੀ ਰਹੇ।
- ਟੈਨੋਫ਼ੋਵੀਰ (Tenofovir) ਵਾਇਰਸ ਨੂੰ ਖ਼ਤਮ ਨਹੀਂ ਕਰਦੀ ਜਾਂ ਏਡਜ਼ ਦਾ ਇਲਾਜ ਨਹੀਂ ਕਰਦੀ। ਇਹ ਏਚ ਆਈ ਵੀ (HIV) ਨੂੰ ਲਗਨ ਤੋਂ ਵੀ ਨਹੀਂ ਰੋਕਦੀ, ਸੋ ਯਾਦ ਰੱਖੋ ਕਿ ਸੰਭੋਗ ਕਰਨ ਸਮੇਂ (ਲੇਟੈਕਸ ਕਾਂਡੰਮਜ਼ ਦੀ ਵਰਤੋਂ) ਜਾਂ ਡਰੱਗਾਂ ਵਰਤਦਿਆਂ (ਸਾਫ਼ ਸੂਈਆਂ) ਸਾਵਧਾਨੀ ਵਰਤੋ।



ਖ਼ਾਸ ਡਾਕਟਰੀ ਇਲਾਜਾਂ ਲਈ ਫ਼ੈਸਲੇ ਅਜਿਹੇ ਯੋਗਤਾਪ੍ਰਾਪਤ ਕੰਮ ਕਰਦੇ ਡਾਕਟਰ ਨਾਲ ਮਸ਼ਵਰਾ ਕਰ ਕੇ ਕੀਤੇ ਜਾਣੇ ਚਾਹੀਦੇ ਹਨ ਜੋ ਐੱਚ ਆਈ ਵੀ (HIV) ਨਾਲ ਸੰਬੰਧਤ ਬਿਮਾਰੀਆਂ ਅਤੇ ਵਿਚਾਰ ਅਧੀਨ ਇਲਾਜਾਂ ਬਾਰੇ ਜਾਣਕਾਰੀ ਰੱਖਦੇ ਹੋਣ।

ਐੱਚ ਆਈ ਵੀ/ਏਡਜ਼ (HIV/AIDS) ਦੇ ਅਜਿਹੇ ਬਿਮਾਰ ਲੋਕ ਜੋ ਦੇਖ-ਭਾਲ ਪਰਦਾਨ ਕਰਨ ਵਾਲਿਆਂ ਨਾਲ ਮਿਲ ਕੇ ਆਪਣੀ ਸੇਹਤ ਦੀ ਸੰਭਾਲ ਕਰਨਾ ਚਾਹੁੰਦੇ ਹੋਣ ਦੀ ਮਦਦ ਕਰਨ ਲਈ ਕਨੇਡੀਅਨ ਅੇਡਜ਼ ਟਰੀਟਮੈਂਟ ਇੰਨਫ਼ਰਮੇਸ਼ਨ ਐਕਸਚੇਂਜ (Canadian AIDS Treatment Information Exchange) (CATIE) ਅਤੇ ਅਲਾਇਐਂਸ ਫ਼ਾਰ ਸਾਊਥ ਏਸ਼ੀਅਨ ਏਡਜ਼ ਪਰੀਵੈਨਸ਼ਨ (ASAAP) ਨੇਕ ਨੀਤੀ ਨਾਲ ਉਨ੍ਹਾਂ ਨੂੰ ਜਾਣਕਾਰੀ ਦੇ ਸਾਧਨ ਮੁਹੱਈਆ ਕਰਦੇ ਹਨ। ਫ਼ਿਰ ਵੀ, ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਵੱਲੋਂ ਮੁਹੱਈਆ ਕੀਤੀ ਜਾਂ ਪ੍ਰਕਾਸ਼ਤ ਕੀਤੀ ਜਾਂ ਇਸ ਰਾਹੀਂ ਪ੍ਰਾਪਤ ਕੀਤੀ ਜਾਣਕਾਰੀ ਨੂੰ ਡਾਕਟਰੀ ਮਸ਼ਵਰਾ ਨਹੀਂ ਮੰਨਿਆ ਜਾਂਦਾ। ਅਸੀਂ ਕਿਸੇ ਖ਼ਾਸ ਇਲਾਜ ਦੀ ਸਿਫ਼ਾਰਸ਼ ਜਾਂ ਵਕਾਲਤ ਨਹੀਂ ਕਰਦੇ ਅਤੇ ਅਸੀਂ (ਜਾਣਕਾਰੀ ਦੀ) ਵਰਤੋਂ ਕਰਨ ਵਾਲਿਆਂ ਨੂੰ ਬੇਣਤੀ ਕਰਦੇ ਹਾਂ ਕਿ ਉਹ ਜਿੱਥੋਂ ਤੀਕ ਹੋ ਸਕੇ ਵੱਧ ਤੋਂ ਵੱਧ ਸਾਧਨਾਂ ਨਾਲ ਸੰਪਰਕ ਕਰਨ।(ਜਾਣਕਾਰੀ ਦੀ) ਵਰਤੋਂ ਕਰਨ ਵਾਲਿਆਂ ਨੂੰ ਅਸੀਂ ਜ਼ੋਰਦਾਰ ਬੇਣਤੀ ਕਰਦੇ ਹਾਂ ਕਿ ਉਹ ਡਾਕਟਰੀ ਨਾਲ ਸੰਬੰਧਤ ਮਾਮਲੇ ਬਾਰੇ ਫ਼ੈਸਲਾ ਕਰਨ, ਵਰਤਣ ਜਾਂ ਕਾਰਵਾਈ ਕਰਨ ਤੋਂ ਪਹਿਲਾਂ ਯੋਗਤਾਪ੍ਰਾਪਤ ਕੰਮ ਕਰਦੇ ਡਾਕਟਰ ਨਾਲ ਮਸ਼ਵਰਾ ਜ਼ਰੂਰ ਕਰਨ।

ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਵੱਲੋਂ ਮੁਹੱਈਆ ਕੀਤੀ ਜਾਂ ਪ੍ਰਕਾਸ਼ਤ ਕੀਤੀ ਜਾਂ ਇਸ ਰਾਹੀਂ ਪ੍ਰਾਪਤ ਕੀਤੀ ਜਾਣਕਾਰੀ ਦੇ ਠੀਕ ਅਤੇ ਮੁਕੰਮਲ ਹੋਣ ਬਾਰੇ ਅਸੀਂ ਗਰੰਟੀ ਨਹੀਂ ਕਰਦੇ। ਇਸ ਉੱਤੇ ਨਿਰਭਰ ਕਰਦੇ (ਜਾਣਕਾਰੀ ਦੀ) ਵਰਤੋਂ ਕਰਨ ਵਾਲੇ ਵਿਅਕਤੀ ਖ਼ਤਰੇ ਲਈ ਆਪ ਜ਼ਿੰਮੇਵਾਰ ਹੋਣਗੇ। ਅਜਿਹੀ ਜਾਣਕਾਰੀ ਦੀ ਵਰਤੋਂ ਜਾਂ ਦੁਰਵਰਤੋਂ ਦੇ ਨਤੀਜੇ ਦੇ ਤੌਰ ਤੇ ਹੋਈ ਹਾਨੀ ਲਈ ਨਾਂ ਤਾਂ ਸੀ ਏ ਟੀ ਆਈ ਈ (CATIE) ਨਾਂ ਹੀ ਏ ਐੱਸ ਏ ਏ ਪੀ (ASAAP) ਨਾ ਹੀ ਕਨੇਡਾ ਦੀ ਪਬਲਿਕ ਹੈਲਥ ਏਜੰਸੀ, ਨਾ ਹੀ ਉਨ੍ਹਾਂ ਦੇ ਕਰਮਚਾਰੀਆਂ, ਡਾਇਰੈਕਟਰਾਂ, ਅਫ਼ਸਰਾਂ ਜਾਂ ਵਲੰਟੀਅਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ। ਇਥੇ ਪਰਗਟ ਕੀਤੇ ਗਏ ਜਾਂ ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਵੱਲੋਂ ਮੁਹੱਈਆ ਕੀਤੇ ਜਾਂ ਪ੍ਰਕਾਸ਼ਤ ਕੀਤੇ ਜਾਂ ਇਸ ਰਾਹੀਂ ਪ੍ਰਾਪਤ ਕੀਤੇ ਗਏ ਵਿਚਾਰ ਮੁਕੰਮਲ ਤੌਰ ਤੇ ਲੇਖਕਾਂ ਦੇ ਹਨ ਅਤੇ ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਜਾਂ ਕਨੇਡਾ ਦੀ ਪਬਲਿਕ ਹੈਲਥ ਏਜੰਸੀ ਦੀਆਂ ਪਾਲਸੀਆਂ ਅਤੇ ਰਾਵਾਂ ਦੀ ਪ੍ਰਤੀਨਿੱਧਤਾ ਨਹੀਂ ਕਰਦੇ।

Copyright: This Fact Sheet is made available through a collaboration between Alliance for South Asian AIDS Prevention (ASAAP), Asian Community AIDS Services (ACAS) and the Canadian AIDS Treatment Information Exhange (CATIE). Original content developed by ACAS, 2001. Translation into Punjabi and Tamil by ASAAP, 2006.

This information is also available in Chinese, Tagalog and Vietnamese www.acas.org

Funding has been provided by the Public Health Agency of Canada

Supported by an unrestricted educational grant from GlaxoSmithKline in partnership with Shire BioChem